International Journal of Applied Research 2023; 9(3): 118-122




**ISSN Print:** 2394-7500
**ISSN Online:** 2394-5869
**Impact Factor (RJIF):** 8.4
IJAR 2023; 9(3): 118-122
www.allresearchjournal.com
Received: 25-01-2023
Accepted: 28-02-2023

**ਡਾ. ਜਸਵਿੰਦਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਪੰਜਾਬੀ
ਵਿਭਾਗ, ਸ੍ਰੀ ਗੁਰੂ ਗੋਬਿੰਦ ਸਿੰਘ
ਕਾਲਜ, ਚੰਡੀਗੜ੍ਹ, ਭਾਰਤ

# ਅਖਾਣਾਂ ਅਤੇ ਮੁਹਾਵਰਿਆਂ ਵਿੱਚੋਂ ਝਲਕਦਾ ਪੁਰਾਤਨ ਪੇਂਡੂ ਪੰਜਾਬੀ ਸੱਭਿਆਚਾਰ

**ਡਾ. ਜਸਵਿੰਦਰ ਸਿੰਘ**

**ਅਮੂਰਤ ਸੰਕਲਪਨਾ**
ਕੁਦਰਤ ਅਤੇ ਮਨੁੱਖ ਦੇ ਸੰਘਰਸ਼ ਦੀ ਅਮੁੱਕ ਕਹਾਣੀ ਦਾ ਸਿੱਟਾ ਸੱਭਿਆਚਾਰਕ ਸਿਰਜਣਾਵਾਂ ਦੇ ਰੂਪ ਵਿੱਚ ਨਿਕਲਿਆ। ਮਨੁੱਖੀ ਕਿਰਤ ਨੇ ਕੁਦਰਤ ਨੂੰ ਵਰਤੋਂ ਯੋਗ ਵਸਤੂਆਂ ਵਿੱਚ ਢਾਲਿਆ ਤਾਂ ਸੱਭਿਆਚਾਰ ਦਾ ਜਨਮ ਹੋਇਆ। ਮਾਨਵੀ ਪ੍ਰਵਿਰਤੀਆਂ ਨੂੰ ਵਧੇਰੇ ਵਰਤੋਂ ਯੋਗ ਅਤੇ ਉਦਾਤ ਪੱਧਰ ਤੀਕ ਪਹੁੰਚਾਉਣ ਲਈ ਨੈਤਿਕ ਕਦਰਾਂ-ਕੀਮਤਾਂ ਅਤੇ ਲੋਕ-ਸਿਆਣਪਾਂ ਘੜੀਆਂ ਗਈਆਂ। ਸਾਡੇ ਅਖਾਣ ਅਤੇ ਮੁਹਾਵਰੇ ਇਸੇ ਪ੍ਰਕਿਰਿਆ ਨਾਲ ਸੰਬੰਧਤ ਹਨ। ਪੰਜਾਬੀ ਸੱਭਿਆਚਾਰ ਮੂਲ ਰੂਪ ਵਿੱਚ ਕਿਸਾਨੀ ਦੀਆਂ ਰੂੜ੍ਹੀਆਂ ਵਿੱਚੋਂ ਉਸਰਿਆ ਹੈ। ਇਸ ਲਈ ਪੰਜਾਬੀਆਂ ਦੇ ਤਜ਼ਰਬਿਆਂ 'ਚੋਂ ਉਪਜੇ ਅਖਾਣਾਂ ਅਤੇ ਮੁਹਾਵਰਿਆਂ ਵਿੱਚੋਂ ਪੁਰਾਤਨ ਪੇਂਡੂ ਸੱਭਿਆਚਾਰ ਦੇ ਭਰਪੂਰ ਦਰਸ਼ਨ ਹੁੰਦੇ ਹਨ। ਇਸ ਖੋਜ-ਪੱਤਰ ਦਾ ਮੰਤਵ ਅਖਾਣਾਂ ਅਤੇ ਮੁਹਾਵਰਿਆਂ ਵਿੱਚੋਂ ਝਲਕਦੇ ਪੇਂਡੂ ਸੱਭਿਆਚਾਰ ਦੇ ਚਿੱਤਰਾਂ ਦਾ ਅਧਿਐਨ ਪ੍ਰਸਤੁਤ ਕਰਨਾ ਹੈ। ਇਹ ਅਖਾਣ ਅਤੇ ਮੁਹਾਵਰੇ ਜਿੱਥੇ ਪ੍ਰਾਚੀਨ ਪੰਜਾਬ ਦੀ ਰਹਿਣੀ-ਬਹਿਣੀ, ਭਾਸ਼ਾ, ਵਰਜਣਾਵਾਂ ਅਤੇ ਟੋਟਮਾਂ ਸੰਬੰਧੀ ਜਾਣਕਾਰੀ ਦਿੰਦੇ ਹਨ, ਓਥੇ ਹੀ ਇਹ ਪੰਜਾਬੀ ਬੰਦੇ ਦੀ ਮਾਨਸਿਕ ਨਿਰਮਾਣਕਾਰੀ ਦਾ ਪ੍ਰਕਾਰਜ ਵੀ ਨਿਭਾਉਂਦੇ ਹਨ।

**ਸੰਕੇਤ ਸ਼ਬਦ:** ਅਖਾਣ ਅਤੇ ਮੁਹਾਵਰੇ, ਪੁਰਾਤਨ ਪੇਂਡੂ ਸੱਭਿਆਚਾਰ, ਭਾਸ਼ਾ ਅਤੇ ਸੱਭਿਆਚਾਰ ਦੇ ਅੰਤਰ-ਸੰਬੰਧ, ਇਸ਼ਟ ਅਤੇ ਪੁਰਾਤਨ ਰੀਤਾਂ, ਟਕਸਾਲੀ ਬੋਲੀ ਤੇ ਲੋਕਾਈ ਦੀ ਬੋਲੀ, ਲੋਕ-ਪ੍ਰਾਰਥਨਾ

## ਮੁਖਬੰਧ

### ਸੱਭਿਆਚਾਰ ਦੀ ਸ਼ਾਬਦਿਕ ਉਤਪਤੀ ਅਤੇ ਪਰਿਭਾਸ਼ਾ

ਕਿਸੇ ਵੀ ਸੱਭਿਅਤਾ ਦੀ ਰਹਿਣੀ-ਸਹਿਣੀ, ਖਾਣ-ਪੀਣ, ਕਲਾ, ਸਾਹਿਤ, ਕਹਾਣੀਆਂ, ਲੋਕ-ਮਿੱਥਾਂ ਅਤੇ ਪੀੜ੍ਹੀ ਦਰ ਪੀੜ੍ਹੀ ਚੱਲ ਰਹੇ ਰੀਤੀ-ਰਿਵਾਜ ਹੀ ਕਿਸੇ ਖਿੱਤੇ ਵਿਸ਼ੇਸ਼ ਦੇ ਸੱਭਿਆਚਾਰ ਦਾ ਬਾਨ੍ਹਣੂੰ ਬੰਨ੍ਹਦੇ ਹਨ। ਲੰਬੇ ਸਮੇਂ ਦੌਰਾਨ ਇਹ ਸੱਭਿਆਚਾਰ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ-ਦਰਸਾਵੇ ਵਜੋਂ ਕੰਮ ਕਰਦਾ ਹੋਇਆ ਉਨ੍ਹਾਂ ਦੀ ਜੀਵਨ- ਜਾਚ ਨੂੰ ਨਿਰਧਾਰਤ ਕਰਦਾ ਹੈ ਅਤੇ ਉਹਨਾਂ ਦੇ ਭਵਿੱਖ ਦਾ ਰਾਹ ਰੌਸ਼ਨ ਕਰਦਾ ਹੈ। ਬੋਲੀ ਵਜੋਂ ਸੱਭਿਆਚਾਰ ਦੋ ਸ਼ਬਦਾਂ, ਸੱਭਿਆ ਅਤੇ ਆਚਾਰ, ਦਾ ਸਮਾਸੀ ਸ਼ਬਦ ਹੈ। ਹਿੰਦੀ ਜਾਂ ਸੰਸਕ੍ਰਿਤ ਵਿੱਚ ਇਸ ਦਾ ਸਮਾਨ-ਅਰਥੀ ਸ਼ਬਦ ਸੰਸਕ੍ਰਿਤੀ ਮੰਨਿਆ ਜਾ ਸਕਦਾ ਹੈ ਅਤੇ ਅੰਗਰੇਜ਼ੀ ਵਿੱਚ ਇਸ ਦੀ ਸਮਾਨ-ਭਾਵੀ ਸ਼ਬਦ ਕਲਚਰ (Culture) ਹੈ। ਪੰਜਾਬੀ ਵਿਦਵਾਨ ਅਤੇ ਰੂਸੀ ਸਾਹਿਤ ਦੇ ਅਨੁਵਾਦਕ ਪ੍ਰੋਫ਼ੈਸਰ ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ "ਸੱਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।[1] ਅੰਗਰੇਜ਼ ਵਿਦਵਾਨ ਸਰ ਐਡਵਰਡ ਬੀ ਟੇਲਰ, ਜੋ ਕਿ ਕਲਚਰਲ ਐਂਥਰੋਪੋਲੋਜੀ ਦੇ ਮੁੱਖ ਸਿਧਾਂਤਕਾਰਾਂ ਵਿੱਚੋਂ ਇੱਕ ਹਨ, ਸੱਭਿਆਚਾਰ ਬਾਰੇ ਲਿਖਦੇ ਹਨ ਕਿ: "ਸੱਭਿਆਚਾਰ ਜਾਂ ਸੱਭਿਅਤਾ ਆਪਣੇ ਮਾਨਵ ਜਾਤੀ ਵਿਗਿਆਨਕ ਅਰਥਾਂ ਵਿੱਚ ਅਜਿਹਾ ਜਟਿਲ ਸਮੁੱਚ ਹੈ, ਜਿਸ ਵਿੱਚ ਗਿਆਨ, ਕਲਾ, ਨੀਤੀ, ਨਿਯਮ, ਸੰਸਾਰਕ ਅਤੇ ਹੋਰ ਸਾਰੀਆਂ ਉਨ੍ਹਾਂ

**Corresponding Author:**
**ਡਾ. ਜਸਵਿੰਦਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ,
ਪੋਸਟ ਗ੍ਰੈਜੂਏਟ ਪੰਜਾਬੀ
ਵਿਭਾਗ, ਸ੍ਰੀ ਗੁਰੂ ਗੋਬਿੰਦ ਸਿੰਘ
ਕਾਲਜ, ਚੰਡੀਗੜ੍ਹ, ਭਾਰਤ

ਸਮਰੱਥਾਵਾਂ ਅਤੇ ਆਦਤਾਂ ਦਾ ਸਮਾਵੇਸ਼ ਹੁੰਦਾ ਹੈ, ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ[2] ਅੰਗਰੇਜ਼ ਵਿਦਵਾਨ ਬ੍ਰੋਨਿਸਲਾਅ ਮਾਲਿਨੋਵਸਕੀ ਆਪਣੇ ਲੇਖ ਕੌਨਸੈਪਟ ਆਫ ਕਲਚਰ ਐਂਡ ਫੰਕਸ਼ਨ ਵਿੱਚ ਸੱਭਿਆਚਾਰ ਨੂੰ ਪਰਿਭਾਸ਼ਤ ਕਰਦੇ ਹੋਏ ਕਹਿੰਦੇ ਨੇ ਕਿ: "ਸੱਭਿਆਚਾਰ ਵਿੱਚ ਵਿਰਾਸਤੀ ਕਲਾਵਾਂ, ਵਸਤੂਆਂ, ਤਕਨੀਕੀ ਪ੍ਰਕਿਰਿਆਵਾਂ, ਵਿਚਾਰ, ਆਦਤਾਂ ਅਤੇ ਮੁੱਲ ਸ਼ਾਮਲ ਹੁੰਦੇ ਹਨ।"[3]

## ਸੱਭਿਆਚਾਰ ਦੇ ਲੱਛਣ

ਮੋਟੇ ਤੌਰ 'ਤੇ ਦੇਖਿਆਂ ਅਤੇ ਜਾਚਿਆਂ ਸਹਿਜੇ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਸੱਭਿਆਚਾਰ ਦਾ ਮਨੁੱਖ ਨਾਲ ਸਮਾਜੀ ਰਿਸ਼ਤਾ ਹੈ ਅਤੇ ਮਨੁੱਖ ਜੋ ਵੀ ਆਪਣੇ ਆਲੇ ਦੁਆਲੇ ਸਿਰਜਦਾ ਹੈ ਜਾਂ ਜੋ ਵੀ ਆਪਣੇ ਆਲੇ ਦੁਆਲੇ ਤੋਂ ਗ੍ਰਹਿਣ ਕਰਦਾ ਹੈ ਉਸ ਨੂੰ ਸੱਭਿਆਚਾਰ ਕਿਹਾ ਜਾਂ ਸਮਝਿਆ ਜਾ ਸਕਦਾ ਹੈ। ਇਸ ਲਈ ਸੱਭਿਆਚਾਰ ਕੋਈ ਜੜ ਅਵਸਥਾ ਨਾ ਹੋ ਕੇ ਲਗਾਤਾਰ ਗਤੀਸ਼ੀਲ ਸਮਾਜਕ ਵਰਤਾਰਾ ਹੈ। "ਸੱਭਿਆਚਾਰ ਮਨੁੱਖ ਦਾ ਸਮਾਜਕ ਵਿਰਸਾ ਹੈ, ਜੀਵ ਵਿਗਿਆਨਕ ਵਿਰਸਾ ਨਹੀਂ ਹੈ। ਸੱਭਿਆਚਾਰ ਨੂੰ ਜਮਾਂਦਰੂ ਜਾਂ ਵਿਰਾਸਤ ਵਾਂਗ ਹੀ ਗ੍ਰਹਿਣ ਨਹੀਂ ਕੀਤਾ ਜਾਂਦਾ ਸਗੋਂ ਇਸ ਨੂੰ ਅਭਿਆਸ ਰਾਹੀਂ ਸਿੱਖਿਆ ਜਾਂਦਾ ਹੈ। ਠੀਕ ਜਿਸ ਤਰ੍ਹਾਂ ਜੇਕਰ ਇੱਕ ਜੰਮਦੇ ਬੱਚੇ ਨੂੰ ਕਿਸੇ ਹੋਰ ਸੱਭਿਆਚਾਰ ਵਿੱਚ ਪਾ ਲਿਆ ਜਾਵੇ ਤਾਂ ਨਵੇਂ ਸੱਭਿਆਚਾਰ ਨੂੰ ਹੀ ਗ੍ਰਹਿਣ ਕਰੇਗਾ। ਮਨੁੱਖ ਦੀ ਹਰ ਨਵੀਂ ਪੁਸ਼ਤ ਨੂੰ ਆਪਣਾ ਨਵਾਂ ਸੱਭਿਆਚਾਰ ਨਵੇਂ ਸਿਰੇ ਤੋਂ ਸਿੱਖਣਾ ਪੈਂਦਾ ਹੈ ਅਤੇ ਇਸ ਵਿੱਚੋਂ ਕੁਝ ਗ੍ਰਹਿਣ ਕਰ ਲਿਆ ਜਾਂਦਾ ਹੈ ਤੇ ਕੁਝ ਛੱਡ ਦਿੱਤਾ ਜਾਂਦਾ ਹੈ।[4] ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਸੱਭਿਆਚਾਰ ਆਪਣੇ-ਆਪ ਵਿੱਚ ਇੱਕ ਸਮਾਜਕ ਮਨੁੱਖੀ ਵਰਤਾਰਾ ਹੈ ਜੋ ਕਿ ਕਿਸੇ ਖਿੱਤੇ ਵਿਸ਼ੇਸ਼ ਦੇ ਬਸ਼ਿੰਦਿਆਂ ਦੇ ਰਹਿਣ-ਸਹਿਣ ਅਤੇ ਜੀਵਨ-ਜਾਚ ਨੂੰ ਪਰਿਭਾਸ਼ਤ ਹੀ ਨਹੀਂ ਕਰਦਾ ਸਗੋਂ ਇੱਕ ਵਿਲੱਖਣਤਾ ਵੀ ਪ੍ਰਦਾਨ ਕਰਦਾ ਹੈ।

## ਭਾਸ਼ਾ ਅਤੇ ਸੱਭਿਆਚਾਰ ਦਾ ਅੰਤਰ-ਸੰਬੰਧ

ਭਾਸ਼ਾ ਅਤੇ ਸੱਭਿਆਚਾਰ ਦਾ ਆਪਸ ਵਿੱਚ ਬਹੁਤ ਗਹਿਰਾ ਅੰਤਰ-ਸੰਬੰਧ ਹੈ। ਕਿਹਾ ਜਾ ਸਕਦਾ ਹੈ ਕਿ ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਭਾਸ਼ਾ ਤੋਂ ਬਿਨਾ ਕਿਸੇ ਵੀ ਸੱਭਿਆਚਾਰ ਦਾ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਣਾ ਸੰਭਵ ਨਹੀਂ ਹੋ ਸਕਦਾ। "ਭਾਸ਼ਾ ਅਤੇ ਸੱਭਿਆਚਾਰ ਦੋਵੇਂ ਮਨੁੱਖ ਵੱਲੋਂ ਸਿਰਜੇ ਅਜਿਹੇ ਸਿਸਟਮ ਹਨ ਜੋ ਇੱਕ ਦੂਜੇ ਤੋਂ ਬਿਨਾ ਅਸੰਭਵ ਹਨ। ਇਹ ਦੋਨੋਂ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ ਅਤੇ ਪ੍ਰਭਾਵਤ ਹੁੰਦੇ ਹਨ। ਇਹਨਾਂ ਦੋਵਾਂ ਦੀ ਸਿਰਜਣ-ਪ੍ਰਕਿਰਿਆ ਵਿੱਚ ਮਨੁੱਖੀ ਅਵਚੇਤਨ ਦਾ ਰੋਲ ਹੁੰਦਾ ਹੈ। ਭਾਸ਼ਾ ਤੋਂ ਬਿਨਾ ਕਿਸੇ ਵੀ ਸੱਭਿਆਚਾਰ ਦੀ ਹੋਂਦ ਨਹੀਂ ਹੋ ਸਕਦੀ।"[5] ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿ ਭਾਸ਼ਾ ਅਤੇ ਸੱਭਿਆਚਾਰ ਇੱਕ ਦੂਜੇ ਦੇ ਪੂਰਕ ਹਨ ਅਤੇ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਹੀ ਕਿਸੇ ਸੱਭਿਆਚਾਰ ਵਿਸ਼ੇਸ਼ ਦਾ ਆਧਾਰ ਹੁੰਦੀ ਹੈ ਅਤੇ ਇਸ ਦੇ ਪੀੜ੍ਹੀ ਦਰ ਪੀੜ੍ਹੀ ਸੰਚਾਰ ਲਈ ਵਾਹਕ ਹੁੰਦੀ ਹੈ। ਅਸਲ ਵਿੱਚ ਭਾਸ਼ਾ ਨਾਲ ਹੀ ਸੱਭਿਆਚਾਰ ਮੌਲਦਾ ਅਤੇ ਵਿਗਸਦਾ ਹੈ। "ਭਾਸ਼ਾ ਸੱਭਿਆਚਾਰ ਨਾਲ ਦੂਹਰਾ ਸੰਬੰਧ ਰੱਖਦੀ ਹੈ। ਕਿਸੇ ਵੀ ਸੱਭਿਆਚਾਰ ਨੂੰ ਜਾਣਨ, ਉਸ ਦਾ ਇਤਿਹਾਸ ਲਿਖਣ ਅਤੇ ਲਿਖੇ ਇਤਿਹਾਸ ਨੂੰ ਸੰਭਾਲਣ ਵਰਗੇ ਕਾਰਜ ਭਾਸ਼ਾ ਰਾਹੀਂ ਹੀ ਸੰਭਵ ਹਨ। ਭਾਸ਼ਾ ਅੰਦਰ ਹੀ ਪੈਟਰਨ ਬਣਾਉਣ ਅਤੇ ਵੱਖ-ਵੱਖ ਵਰਤਾਰਿਆਂ ਨੂੰ ਵੱਖ-ਵੱਖ ਪੈਟਰਨਾਂ ਵਿੱਚ ਪ੍ਰਗਟਾਉਣ ਦੀ ਸਮਰੱਥਾ ਹੁੰਦੀ ਹੈ। ਭਾਸ਼ਾ ਸੱਭਿਆਚਾਰ ਦੇ ਸੰਚਾਰ ਗੁਣਾਂ ਨੂੰ ਪ੍ਰਗਟ ਕਰਦੀ ਹੈ। ਭਾਵ ਭਾਸ਼ਾ ਸੱਭਿਆਚਾਰਕ ਸਿਰਜਣਾ ਹੈ।"[6] ਭਾਸ਼ਾ ਅਤੇ ਸੱਭਿਆਚਾਰ ਇੱਕ ਦੂਜੇ ਬਿਨਾ ਅਧੂਰੇ ਹਨ। ਇਹ ਦੋਵੇਂ ਇੱਕ ਦੂਜੇ ਦੇ ਪੂਰਕ ਹਨ ਅਤੇ ਕਿਸੇ ਸੱਭਿਆਚਾਰ ਵਿਸ਼ੇਸ਼ ਦੀਆਂ ਵੰਨਗੀਆਂ ਅਤੇ ਖ਼ਾਸੀਅਤਾਂ ਲਈ ਲੋੜੀਂਦੇ ਵਿਸ਼ੇਸ਼ ਸ਼ਬਦ, ਮੁਹਾਵਰੇ, ਅਖਾਣ, ਮਿੱਥਾਂ ਆਦਿ ਵੀ ਉਸ ਵਿਸ਼ੇਸ਼ ਸੱਭਿਆਚਾਰ ਦੀ ਆਪਣੀ ਭਾਸ਼ਾ ਵਿੱਚ ਹੀ ਸਿਰਜੀਆਂ ਜਾ ਸਕਦੀਆਂ ਹਨ। "ਜੋ ਕੁਝ ਵੀ ਕਿਸੇ ਜਨ-ਸਮੂਹ ਦੇ ਇਤਿਹਾਸ ਵਿੱਚ ਵਾਪਰਦਾ ਹੈ, ਉਹ ਉਸ ਦੀ ਭਾਸ਼ਾ ਦੇ ਪ੍ਰਤੀਬਿੰਬ ਵਿੱਚੋਂ ਲੱਭਿਆ ਜਾ ਸਕਦਾ ਹੈ ਕਿਉਂਕਿ ਭਾਸ਼ਾ ਕਿਸੇ ਵੀ ਸੱਭਿਆਚਾਰ ਦਾ ਸ਼ਬਦ-ਭੰਡਾਰ ਹੁੰਦੀ ਹੈ ਜੋ ਹਰ ਸੱਭਿਆਚਾਰ ਦੀ ਸ਼ਬਦਾਵਲੀ ਨੂੰ ਸੰਭਾਲ ਕੇ ਰੱਖਦੀ ਹੈ। ਜਿਵੇਂ ਓਟਾ, ਚਾਪੜ, ਸੰਦੂਕ, ਆਲ਼ਾ ਆਦਿ ਸ਼ਬਦ ਕਿਸੇ ਹੋਰ ਭਾਸ਼ਾ ਵਿੱਚ ਨਹੀਂ ਵਰਤੇ ਜਾ ਸਕਦੇ।[7]

## ਅਖਾਣ ਅਤੇ ਮੁਹਾਵਰੇ

ਕਿਸੇ ਵੀ ਭਾਸ਼ਾ ਦੇ ਦੋ ਰੂਪ ਹੁੰਦੇ ਹਨ। ਟਕਸਾਲੀ ਬੋਲੀ ਅਤੇ ਆਮ ਬੋਲ ਚਾਲ ਜਾਂ ਲੋਕਾਈ ਦੀ ਬੋਲੀ। ਹਰ ਬੋਲੀ ਵਿੱਚ ਕਿਸੇ ਵੀ ਗੱਲ ਨੂੰ ਤੱਥਾਂ ਦੇ ਰੂਪ ਵਿੱਚ ਪ੍ਰਗਟ ਕਰਨ ਲਈ ਕਈ ਤਰ੍ਹਾਂ ਦੇ ਰੂਪਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਇੱਕ ਤਾਂ ਬੋਲੀ ਅਤੇ ਭਾਸ਼ਾ ਸ਼ਿੰਗਾਰੀ ਜਾਂਦੀ ਹੈ, ਦੂਸਰਾ ਪੀੜ੍ਹੀ ਦਰ ਪੀੜ੍ਹੀ ਚੱਲਣ ਵਾਲੇ ਜੀਵਨ ਦੇ ਨਿਚੋੜਾਂ ਨੂੰ ਸਹਿਜੇ ਹੀ ਪੇਸ਼ ਕੀਤਾ ਜਾ ਸਕਦਾ ਹੈ। ਆਮ ਤੌਰ 'ਤੇ ਅਖਾਣਾਂ ਅਤੇ ਮੁਹਾਵਰਿਆਂ ਰਾਹੀਂ ਨਾ ਝੁਠਲਾਏ ਜਾ ਸਕਣ ਵਾਲੇ ਜੀਵਨ-ਤੱਤ, ਤਜ਼ਰਬੇ ਜਾਂ ਸਦੀਵੀ ਸੱਚ, ਜੋ ਕਿ ਸਰਬ ਪ੍ਰਮਾਣਤ ਅਤੇ ਲੁਕਾਈ ਲਈ ਸਾਂਝੇ ਰੂਪ ਵਿੱਚ ਲਾਗੂ ਹੁੰਦੇ ਮੰਨੇ ਜਾਂਦੇ ਹਨ, ਨੂੰ ਥੋੜ੍ਹੇ ਅਤੇ ਸ਼ਿੰਗਾਰਵੇਂ ਸ਼ਬਦਾਂ ਵਿੱਚ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਕਿ:

- ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ
- ਸ਼ਾਹ ਬਿਨਾਂ ਪਤ ਨਹੀਂ
  ਗੁਰੂ ਬਿਨਾਂ ਗਤ ਨਹੀਂ
  ਨਾਰੀ ਬਿਨਾ ਜਤ ਨਹੀਂ
- ਸੋਗ ਦਿਲ ਦਾ ਰੋਗ
- ਸਖੀ ਨਾਲੋਂ ਸੂਮ ਭਲਾ ਜਿਹੜਾ ਤੁਰਤ ਦੇ ਜਵਾਬ

ਉਪਰੋਕਤ ਉਦਾਹਰਣਾਂ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਹ ਅਖਾਣ, ਮੁਹਾਵਰੇ ਆਦਿ ਕਿਸੇ ਖਿੱਤੇ ਵਿਸ਼ੇਸ਼ ਜਾਂ ਸੱਭਿਆਚਾਰ ਵਿਸ਼ੇਸ਼ ਦੀ ਜੀਵਨ-ਜਾਚ ਦਾ ਪ੍ਰਗਟਾਵਾ ਹੁੰਦੇ ਹਨ। ਇਹਨਾਂ ਨੂੰ ਝੁਠਲਾਇਆ ਜਾਂ ਨਕਾਰਿਆ ਨਹੀਂ ਜਾ ਸਕਦਾ, ਸਗੋਂ ਇਹਨਾਂ ਰਾਹੀਂ ਵੱਡੀਆਂ-ਵੱਡੀਆਂ ਗੱਲਾਂ ਬਹੁਤ ਸਹਿਜ-ਸੁਭਾਅ ਹੀ ਕਹਿ ਹੋ ਜਾਂਦੀਆਂ ਹਨ। ਪੀੜ੍ਹੀ ਦਰ ਪੀੜ੍ਹੀ ਜਿੱਥੇ ਇਹ ਜੀਵਨ-ਜਾਚ ਦਾ ਅੰਗ ਬਣ ਜਾਂਦੇ ਹਨ, ਉੱਥੇ ਨਾਲ ਹੀ ਇਹਨਾਂ ਰਾਹੀਂ ਕਿਸੇ ਵਿਸ਼ੇਸ਼ ਖਿੱਤੇ ਦੇ

ਸੱਭਿਆਚਾਰ ਅਤੇ ਰਹਿਤਲ ਨੂੰ ਭਾਸ਼ਾ ਦਾ ਅੰਗ ਬਣਾਇਆ ਜਾ ਸਕਦਾ ਹੈ ਅਤੇ ਇਹ ਇਸ ਵਿਸ਼ੇਸ਼ ਸੱਭਿਆਚਾਰ ਦੇ ਵਾਹਕ ਬਣ ਜਾਂਦੇ ਹਨ। "ਕਿਸੇ ਜਾਤੀ ਸੱਭਿਆਚਾਰ ਦੀ ਪ੍ਰਤਿਭਾ, ਸੂਝ ਅਤੇ ਆਤਮਾ ਅਖਾਣਾਂ ਵਿੱਚੋਂ ਲੱਭੀ ਜਾ ਸਕਦੀ ਹੈ।[8] "ਮੁਹਾਵਰੇ ਦੀ ਉਤਪਤੀ ਅਖਾਣ ਨਾਲੋਂ ਵਧੇਰੇ ਸਹਿਜਤਾ ਨਾਲ ਹੋ ਜਾਂਦੀ ਹੈ। ਮੁਹਾਵਰੇ ਨੂੰ ਅਖਾਣ ਵਾਂਗ ਪ੍ਰੰਪਰਾ ਦੀ ਕਸਵੱਟੀ ਵਿੱਚੋਂ ਨਹੀਂ ਲੰਘਣਾ ਪੈਂਦਾ। ਮੁਹਾਵਰੇ ਤੋਂ ਉਲਟ ਅਖਾਣ ਦਾ ਅਰਥ-ਖ਼ੇਤਰ ਵਧੇਰੇ ਵਿਸ਼ਾਲ ਹੁੰਦਾ ਹੈ। ਅਖਾਣ ਕਿਸੇ ਨਿਸ਼ਚਿਤ ਵਰਤਾਰੇ ਅੰਦਰਲੀ ਪ੍ਰਮੁੱਖ ਅਤੇ ਠੋਸ ਸੱਚਾਈ ਨੂੰ ਪੇਸ਼ ਕਰਦੇ ਹਨ। ਇਹ ਸੱਚ ਲੰਬੇ ਤਜ਼ਰਬਿਆਂ ਵਿੱਚੋਂ ਲੰਘਿਆ ਅਤੇ ਲੋਕਾਂ ਦੁਆਰਾ ਪ੍ਰਵਾਣਤ ਹੁੰਦਾ ਹੈ।"[9] ਇਸ ਤਰ੍ਹਾਂ ਅਖਾਣ, ਮੁਹਾਵਰੇ ਆਦਿ ਜੀਵਨ-ਜਾਚ ਜਾਂ ਸੱਭਿਆਚਾਰ ਦੇ ਵਾਹਕ ਅਤੇ ਪ੍ਰਤੀਬਿੰਬ ਹੁੰਦੇ ਹਨ।

## ਅਖਾਣ, ਮੁਹਾਵਰੇ ਅਤੇ ਪੁਰਾਤਨ ਪੇਂਡੂ ਸੱਭਿਆਚਾਰ

ਪੰਜਾਬ ਮੁੱਢ-ਕਦੀਮ ਤੋਂ ਹੀ ਆਪਣੀ ਜ਼ਰਖ਼ੇਜ਼ ਅਤੇ ਦਰਿਆਈ ਭੂਮੀ ਸਦਕਾ ਖੇਤੀ ਪ੍ਰਧਾਨ ਖਿੱਤਾ ਰਿਹਾ ਹੈ। ਖੇਤੀ ਪੰਜਾਬ ਦੇ ਬਸ਼ਿੰਦਿਆਂ ਲਈ ਜੀਵਨ ਨਿਰਬਾਹ ਦਾ ਸਾਧਨ ਹੀ ਨਹੀਂ ਸਗੋਂ ਉਹਨਾਂ ਦੀ ਜੀਵਨ-ਜਾਚ ਹੈ। ਪੰਜਾਬ ਦੇ ਲੋਕਾਂ ਵੱਲੋਂ ਖੇਤੀ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ ਕਿਉਂਕਿ ਖੇਤੀ ਹੀ ਉਨਾਂ ਨੂੰ ਕੁਦਰਤ ਨਾਲ ਇੱਕ-ਮਿੱਕ ਕਰਦੀ ਹੈ। ਪੰਜਾਬੀ ਮਨ ਦਾ ਖੇਤੀ ਪ੍ਰਤੀ ਚਾਅ ਅਤੇ ਲਗਾਅ ਇਸ ਗੱਲ ਤੋਂ ਸਹਿਜੇ ਹੀ ਜਾਣਿਆ ਜਾ ਸਕਦਾ ਹੈ:

> ਉੱਤਮ ਖੇਤੀ ਮਧਮ ਵਪਾਰ, ਨਿਖਿਧ ਚਾਕਰੀ ਭੀਖ ਨਦਾਰ[10]

ਭਾਵੇਂ ਕਿ ਅਜੋਕੇ ਸਮੇਂ ਦੌਰਾਨ ਬਦਲਦੇ ਆਰਥਕ ਹਾਲਾਤ ਦੇ ਮੱਦੇਨਜ਼ਰ ਪੰਜਾਬੀ ਵਪਾਰ ਅਤੇ ਨੌਕਰੀਆਂ ਨੂੰ ਵੀ ਤਰਜੀਹ ਦੇਣ ਲੱਗੇ ਹਨ ਲੇਕਿਨ ਫਿਰ ਵੀ ਬਹੁਤਾਤ ਆਜ਼ਾਦ ਤਬੀਅਤ ਦੇ ਲੋਕ ਖੇਤੀ ਕਰਨਾ ਹੀ ਪਸੰਦ ਕਰਦੇ ਹਨ। ਕਿਉਂਕਿ ਇਸ ਨਾਲ ਇੱਕ ਤਾਂ ਪੰਜਾਬ ਦੀ ਧਰਤੀ ਦੀ ਆਜ਼ਾਦ-ਤਬੀਅਤ ਮੌਲਿਕਤਾ ਬਰਕਰਾਰ ਰਹਿੰਦੀ ਹੈ ਅਤੇ ਦੂਸਰਾ ਕਿਸਾਨ ਨੂੰ ਅੰਨਦਾਤੇ ਹੋਣ ਦਾ ਉੱਤਮ ਦਰਜਾ ਪ੍ਰਾਪਤ ਹੁੰਦਾ ਹੈ। ਕਿਸੇ ਖਿੱਤੇ ਵਿਸ਼ੇਸ਼ ਦੇ ਅਖਾਣ ਅਤੇ ਮੁਹਾਵਰੇ ਆਦਿ ਉਸ ਖਿੱਤੇ ਦੀ ਸਮੂਹਕ ਚੇਤਨਾ ਦੀ ਰੰਗਤ ਅਤੇ ਝਲਕ ਹੀ ਨਹੀਂ ਪੇਸ਼ ਕਰਦੇ, ਸਗੋਂ ਉਸ ਸੱਭਿਆਚਾਰ ਦੀ ਅੰਦਰੂਨੀ ਬਣਤਰ ਅਤੇ ਆਪਸੀ ਵਖਰੇਵਿਆਂ ਅਤੇ ਵੰਡਾਂ ਦੇ ਤਾਣੇ-ਬਾਣੇ ਨੂੰ ਵੀ ਬਖ਼ੂਬੀ ਬਿਆਨ ਕਰਦੇ ਹਨ। ਜਿਵੇਂ "ਮੇਰੇ ਪਿੰਡ ਦੇ ਸਿਆਣੇ ਇੱਕ-ਦੂਜੀ ਜਾਤ ਅਤੇ ਵਰਣ ਦੇ ਲੋਕਾਂ ਨੂੰ ਮਨੂੰ ਜੀ ਮਹਾਰਾਜ ਤੋਂ ਵੀ ਵੱਧ ਜੜ੍ਹਾਂ ਤੋਂ ਪਛਾਣਦੇ ਹਨ। ਉਨਾਂ ਬਾਰੇ ਬਣੀਆਂ ਰਾਵਾਂ ਦੇ ਅਖਾਣ ਸਾਰਾ ਦਿਨ ਸੁਤੇ ਸਿੱਧ ਹੀ ਉਹਨਾਂ ਦੇ ਬੁੱਲ੍ਹਾਂ ਤੋਂ ਕਿਰ-ਕਿਰ ਵਰ੍ਹਦੇ ਰਹਿੰਦੇ ਹਨ। ਜਿੱਥੇ ਇਹਨਾਂ ਅਖਾਣਾਂ ਤੋਂ ਹਰ ਜਾਤੀ ਦੇ ਲੋਕਾਂ ਦੀਆਂ ਆਦਤਾਂ, ਕੰਮ-ਧੰਦੇ ਤੇ ਪਿੰਡਾਂ ਦੇ ਸਮਾਜ ਨੂੰ ਚਾਲੂ ਰੱਖਣ ਲਈ ਫ਼ਰਜ਼, ਗੁਣ-ਔਗੁਣ ਤੇ ਵਰਤ-ਵਰਤਾਵੇ ਬਾਰੇ ਲੋਕ-ਤੱਤ ਨਗੀਨਿਆਂ ਵਾਂਗ ਲਿਸ਼ਕ ਰਹੇ ਦਿੱਸਦੇ ਹਨ ਉੱਥੇ ਇਹ ਅਖਾਣ ਲੋਕ ਗਿਆਨ ਦਾ ਡੂੰਘਾ ਅਧਿਐਨ ਵੀ ਹਨ।"[11] ਪੰਜਾਬ ਦੇ ਪੁਰਾਤਨ ਪੇਂਡੂ ਸੱਭਿਆਚਾਰ ਵਿੱਚ ਜੱਟ (ਕਿਸਾਨ) ਨੂੰ ਦੂਜੀਆਂ ਸਭ ਜਾਤਾਂ (ਵਾਹੀ ਤੋਂ ਇਲਾਵਾ ਕੰਮ ਕਰਨ ਵਾਲੇ) ਨਾਲੋਂ ਵੱਧ ਮਿਹਨਤੀ ਅਤੇ ਕਾਮਾ ਮੰਨਿਆ ਜਾਂਦਾ ਹੈ। ਪੰਜਾਬ ਦੇ ਇਸੇ ਪੁਰਾਤਨ ਸਮੇਂ ਦੇ ਸੱਭਿਆਚਾਰ ਨੂੰ ਦਰਸਾਉਂਦਾ ਅਖਾਣ ਹੈ:

> ਜੱਟਾਂ ਵਾਹੀਆਂ ਸ਼ਾਹਾਂ ਕਮਾਈਆਂ
> ਬੁੱਢਾ ਢੱਗਾ ਪੁਰਾਣਾ ਗੱਡਾ
> ਜਦ ਕਦ ਖਾਏ ਖਸਮਾਂ ਦਾ ਹੱਡਾ
> ਜੱਟ ਦੀ ਕਮਾਈ ਢੱਗਿਆਂ ਨੇ ਖਾਈ
> ਹਲ ਵਾਹ ਪੱਠਿਆਂ ਨੂੰ ਜਾਣਾ ਜੱਟ ਦੀ ਜੂਨ ਬੁਰੀ

ਭਾਵੇਂ ਕਿ ਅੱਜ ਮਸ਼ੀਨੀ ਯੁੱਗ ਵਿੱਚ ਵਾਹੀ ਵੀ ਭੋਰਾ ਸੌਖੀ ਹੋ ਗਈ ਹੈ ਅਤੇ ਜੱਟ ਕਿਸਾਨ ਵੀ ਖੇਤੀ ਦੇ ਨਾਲ-ਨਾਲ ਹੋਰ ਸਹਾਇਕ ਧੰਦਿਆਂ ਵੱਲ ਹੋ ਤੁਰੇ ਹਨ, ਫਿਰ ਵੀ ਇਹ ਅਖਾਣ ਪੁਰਾਤਨ ਪੰਜਾਬੀ ਸੱਭਿਆਚਾਰ ਵਿੱਚ ਕਿਸਾਨੀ ਦੀ ਤਸਵੀਰ ਪੇਸ਼ ਕਰਦਾ ਹੈ। ਪੁਰਾਤਨ ਪੰਜਾਬੀ ਸੱਭਿਆਚਾਰ ਵਿੱਚ "ਕੁਝ ਚੀਜ਼ਾਂ ਦੇ ਚੰਗੇ-ਮੰਦੇ ਹੋਣ ਬਾਰੇ ਅਜਿਹੇ ਲੱਛਣ ਮਿਥੇ ਗਏ ਹਨ, ਜਦੋਂ ਕੋਈ ਗੱਲ ਅਜਿਹੇ ਭਾਵਾਂ ਨੂੰ ਛੋਹ ਕੇ ਲੰਘਦੀ ਹੈ ਤਾਂ ਉਹ ਅਖਾਣ ਤੇ ਮੁਹਾਵਰੇ ਫੁੱਟ ਰਹੇ ਚਸ਼ਮੇ ਵਾਂਗ ਵਹਿ ਟੁਰਦੇ ਹਨ। ਕੀ ਫ਼ਸਲਾਂ ਪੈਦਾ ਕਰਨ ਵਾਲੇ ਸੰਦ, ਕੀ ਰਿਸ਼ਤੇ-ਨਾਤੇ, ਪੁੱਤ-ਧੀ ਤੇ ਡੰਗਰ-ਪਸ਼ੂ ਕੋਈ ਵੀ ਚੀਜ਼ ਤਾਂ ਇਹਨਾਂ ਮਹਾਨ ਵਿਗਿਆਨੀਆਂ ਦੀ ਅੱਖ ਤੋਂ ਬਚੀ ਨਹੀਂ ਰਹੀ। ਇਸ ਦੇ ਉਲਟ ਕਈ ਚੀਜ਼ਾਂ ਜਿਨ੍ਹਾਂ ਕਾਰਣਾਂ ਕਰਕੇ ਮਾੜੀਆਂ ਹੁੰਦੀਆਂ ਹਨ ਉਹਨਾਂ ਦਾ ਵੀ ਵੇਰਵੇ ਸਹਿਤ ਵਰਣਨ ਕੀਤਾ ਮਿਲਦਾ ਹੈ:

> ਕਲਰ ਖੇਤ ਕੁਪੱਤ ਘਰ, ਘਰ ਕੁਲੱਛਣੀ ਨਾਰ।
> ਚੌਥੇ ਮੈਲੇ ਕੱਪੜੇ, ਨਰਕ ਨਿਸ਼ਾਨੀਆਂ ਚਾਰ।
> ਕਿੱਕਰ ਘਰ ਕੁਪੱਤ ਘਰ, ਘਰ ਕਲਹਿਣੀ ਨਾਰ।
> ਤੁਲਿਆ ਅੱਗੇ ਚਲਣਾ ਚਾਰ ਨਰਕ ਸੰਸਾਰ
> ਮਨ ਅੰਨ ਅਮਾਨ ਆਮਲੀ, ਤਿੰਨੇ ਧਨ ਕਾ ਬਾਸ।
> ਜੂਆ ਜਨ੍ਹਾ ਜਾਮਨੀ, ਤਿੰਨੇ ਧਨ ਕਾ ਨਾਸ।
> ਤਿੰਨੇ ਕੰਮ ਅਵੱਲੇ ਜਾਣ, ਵੱਤੋਂ ਖੁੰਝ ਗਿਆ ਕਿਰਸਾਣ।
> ਚੌਧਰੀ ਰਿਹਾ ਕਚਹਿਰੀਓਂ ਜਾਣ।
> ਤਿੰਨੇ ਕੰਮ ਅਵੱਲੇ, ਨੰਗੇ ਪੈਰੀ ਪੈਂਡਾ ਚੱਲੇ।
> ਚੌਰੀ ਔਰਤ ਮਹਿੰ ਨੂੰ ਛੱਲੇ, ਧੀ ਮੁਟਿਆਰ ਨੂੰ ਵਾਂਢੇ ਘੱਲੇ।
> ਤਿੰਨੇ ਕੰਮ ਕਸੂਤਰੇ, ਨੀਵਾਂ ਬਹਿ ਕੇ ਉੱਚਾ ਮੂਤਰੇ।
> ਰਾਹ ਜਾਂਦੇ ਤੀਲਾ ਸੂਤਰੇ, ਤੱਤਾ ਖਾ ਮਰੇ ਦੁਖ ਸੂਤਰੇ।"[12]

ਉਪਰੋਕਤ ਤੱਤ-ਸਾਰ ਪੁਰਾਤਨ ਪੇਂਡੂ ਸੱਭਿਆਚਾਰ ਦੀ ਉਸ ਵੰਨਗੀ ਨੂੰ ਪੇਸ਼ ਕਰਦਾ ਹੈ ਜਿਸ ਵਿੱਚ ਆਮ ਲੋਕਾਂ ਲਈ ਕੁਝ ਨਾ ਕਰਨ ਵਾਲੇ ਜਾਂ ਬਚਣ ਵਾਲੇ ਕੰਮਾਂ ਦਾ ਵਰਣਨ ਹੈ। ਪੁਰਾਤਨ ਪੰਜਾਬ ਦੇ ਪੇਂਡੂ ਸੱਭਿਆਚਾਰ ਵਿੱਚ ਲੋਕ ਕੁਦਰਤ ਅਤੇ ਜੀਵ-ਜੰਤੂਆਂ, ਪੰਛੀਆਂ ਆਦਿ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਨ੍ਹਾਂ ਦਾ ਧਿਆਨ ਰੱਖਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਸਨ। ਇਹ ਪਸ਼ੂ, ਪੰਛੀ, ਜਨੌਰਾਂ ਦਾ ਪਿਆਰ ਪੁਰਾਤਨ ਪੰਜਾਬੀ ਸੱਭਿਆਚਾਰ ਦਾ ਇੱਕ ਅਨਿੱਖੜ ਅੰਗ ਬਣ ਚੁੱਕਾ ਸੀ ਅਤੇ ਸਾਡੇ ਵਡੇਰਿਆਂ ਦੀ ਜੀਵਨ-ਜਾਚ ਦਾ ਇੱਕ ਅਟੁੱਟ ਹਿੱਸਾ ਸੀ, ਜਿਹਾ ਕਿ ਪੁਰਾਤਨ ਪੰਜਾਬੀ ਅਖਾਣਾਂ ਤੋਂ

ਸਪਸ਼ਟ ਹੈ। "ਫ਼ਸਲ ਬੀਜਣ ਸਮੇਂ ਜਦੋਂ ਕਿਸਾਨ ਹਲ਼ ਨਾਲ ਪੋਰ ਬੰਨ੍ਹ ਕੇ ਪਹਿਲੀ ਮੁੱਠੀ ਦਾਣਿਆਂ ਦੀ ਕੇਰਨੀ ਆਰੰਭ ਕਰਦਾ ਹੈ, ਉਸ ਵੇਲੇ ਧਰਤੀ ਤੋਂ ਇੱਕ ਲੰਮੀ ਲੋਕ-ਪ੍ਰਾਰਥਨਾ ਨਾਲ ਅੰਨ ਧਨ ਮੰਗਦਾ ਹੋਇਆ ਸੋਹਣੇ ਅਤੇ ਸੰਭਾਵਨਾ ਭਰੇ ਮੰਗਲਮਈ ਲੋਕ-ਵਾਕ ਕਹਿੰਦਾ ਹੋਇਆ ਬੀਜਦਾ ਹੈ:

ਚਿੜੀ ਜਨੌਰ ਦੇ ਭਾਗੀਂ
ਹਾਲ਼ੀ ਪਾਲ਼ੀ ਦੇ ਭਾਗੀਂ
ਰਾਹੀ ਪਾਂਧੀ ਦੇ ਭਾਗੀਂ
ਖਾਧੇ ਪੀਤੇ ਦੇ ਭਾਗੀਂ"[13]

ਇਸੇ ਤਰ੍ਹਾਂ ਬੋਹਲ ਵਿੱਚੋਂ ਦਾਣੇ ਚੁੱਕਣ ਸਮੇਂ ਵੀ ਪੁਰਾਤਨ ਪੰਜਾਬੀ ਕਿਸਾਨ "ਕੁਝ ਹਾਲੀ ਦਾ ਕੁਝ ਪਾਲੀ ਦਾ, ਕੁਝ ਚਿੜੀ ਜਨੌਰ ਦੀ ਭਿਆਲੀ ਦਾ" ਕਹਿੰਦਿਆਂ ਕੁਝ ਦਾਣੇ ਦਾਨ ਕਰਨ ਲਈ ਵੱਖਰੇ ਕੱਢ ਕੇ ਰੱਖ ਲੈਂਦਾ ਸੀ ਇਹ ਦਾਣੇ ਲੋੜਵੰਦਾਂ ਵਿੱਚ ਵੰਡ ਦਿੱਤੇ ਜਾਂਦੇ ਸਨ। ਇਸੇ ਤਰਜ਼ 'ਤੇ ਅੱਜ ਵੀ ਪੰਜਾਬੀ ਕਿਸਾਨ ਉਸੇ ਪੁਰਾਤਨ ਰੀਤ ਨੂੰ ਅੱਗੇ ਵਧਾਉਂਦੇ ਹੋਏ ਪਹਿਲੇ ਦਾਣੇ, ਪਹਿਲਾ ਦੁੱਧ ਆਦਿ ਵੱਖਰਾ ਰੱਖਦਾ ਹੈ ਅਤੇ ਉਹ ਆਮ ਤੌਰ 'ਤੇ ਗੁਰਦੁਆਰੇ ਜਾਂ ਆਪਣੇ ਇਸ਼ਟ-ਸਥਾਨ 'ਤੇ ਭੇਟ ਕੀਤਾ ਜਾਂਦਾ ਹੈ। ਖੇਤੀ ਤੇ ਹੋਰ ਧੰਦੇ ਹੀ ਨਹੀਂ, ਪੁਰਾਤਨ ਪੰਜਾਬੀ ਪੇਂਡੂ ਸੱਭਿਆਚਾਰ ਵਿੱਚ ਜੀਵਨ- ਜਾਚ ਦੇ ਹਰ ਘਰੇਲੂ ਕੰਮ-ਧਮਦੇ, ਮਿਲਣ-ਵਰਤਣ, ਰਿਸ਼ਤੇ-ਨਾਤੇ, ਰੀਝਾਂ-ਸੱਧਰਾਂ ਆਦਿ ਲਈ ਲੋਕ ਅਖਾਣ, ਮੁਹਾਵਰੇ ਆਦਿ ਮਿਲਦੇ ਹਨ। "ਅਸਲ ਵਿੱਚ ਇਹ ਸਾਰਾ ਕੁਝ ਪੰਜਾਬੀ ਸੱਭਿਆਚਾਰ ਸੀ, ਜਿਸ ਦੇ ਘੇਰੇ ਵਿੱਚ ਹਰ ਸ਼ੈ ਸੀ। ਇਸੇ ਸੱਭਿਆਚਾਰਕ ਘੇਰੇ ਵਿੱਚ ਹੀ ਗਿੱਧੇ, ਭੰਗੜੇ, ਵੈਣ, ਢੋਲੇ ਅਤੇ ਸਮੁੱਚੇ ਕਾਰੋਬਾਰ ਸਨ। ਜੋ ਕੁਝ ਮੇਰੇ ਸਾਹਮਣੇ ਵਾਪਰ ਰਿਹਾ ਸੀ, ਉਹ ਸੱਭਿਆਚਾਰ ਦੇ ਘੇਰੇ ਵਿੱਚ ਸੀ। ਜੋ ਕੁਝ ਹੋ ਸਕਦਾ ਸੀ ਉਹ ਸੱਭਿਆਚਾਰ ਵਿੱਚ ਲਿਖਿਆ ਹੋਇਆ ਸੀ। ਯਾਨੀ ਪੰਜਾਬੀ ਜੀਵਨ ਦਾ ਹਰ ਵਰਤਾਰਾ ਤੇ ਵਰਤੋਂ ਪੰਜਾਬੀ ਸੱਭਿਆਚਾਰ ਸੀ।"[14] ਉਪਰੋਕਤ ਤੋਂ ਸਪਸ਼ਟ ਹੈ ਕਿ ਪੁਰਾਤਨ ਪੰਜਾਬੀ ਸੱਭਿਆਚਾਰ ਨੂੰ ਪ੍ਰਗਟ ਕਰਨ ਲਈ ਇਹਨਾਂ ਅਖਾਣਾਂ ਅਤੇ ਮੁਹਾਵਰਿਆਂ ਆਦਿ ਦਾ ਪਰਤੱਖ ਰੂਪ ਵਿੱਚ ਵੱਡਾ ਯੋਗਦਾਨ ਹੈ ਅਤੇ ਇਹ ਪੁਰਾਤਨ ਪੰਜਾਬੀ ਸੱਭਿਆਚਾਰ ਦੇ ਪੀੜ੍ਹੀ ਦਰ ਪੀੜ੍ਹੀ ਚੱਲਣ ਅਤੇ ਪ੍ਰਗਟਾਵੇ ਲਈ ਬਹੁਤ ਕਾਰਗਰ ਸੰਦ ਸਾਬਤ ਹੁੰਦੇ ਹਨ। "ਸਮਾਜਕ ਅਤੇ ਸੱਭਿਆਚਾਰਕ ਜੀਵਨ ਵਰਤਾਰੇ ਵਿੱਚ ਮੁਹਾਵਰੇ ਤੇ ਅਖਾਣਾਂ ਦੀ ਪ੍ਰਮਾਣਕ ਅਥਵਾ ਠੋਸ ਭੂਮਿਕਾ ਹੁੰਦੀ ਹੈ। ਕਿਸੇ ਵੀ ਖ਼ੇਤਰ ਵਿੱਚ ਰਹਿ ਰਹੇ ਲੋਕਾਂ ਦੇ ਜੀਵਨ-ਵਿਹਾਰ, ਚੱਜ-ਆਚਾਰ, ਰਾਜਨੀਤੀ ਅਤੇ ਪ੍ਰਬੰਧ, ਗਿਆਨ-ਵਿਗਿਆਨ ਆਦਿ ਨਾਲ ਜੁੜੇ ਹੋਏ ਅਨੇਕਾਂ ਗੁਪਤ ਅਤੇ ਪ੍ਰਗਟ ਪਹਿਲੂਆਂ ਦਾ ਸਹਿਜ-ਬੋਧ ਉਸ ਖ਼ੇਤਰ ਵਿੱਚ ਪ੍ਰਚੱਲਤ ਉੱਥੋਂ ਦੇ ਲੋਕ-ਸਾਹਿਤ ਦੇ ਅਧਿਅਨ ਤੋਂ ਸਹਿਜੇ ਹੀ ਹੋ ਜਾਂਦਾ ਹੈ।"[15] ਪੁਰਾਤਨ ਪੰਜਾਬੀ ਪੇਂਡੂ ਸੱਭਿਆਚਾਰ ਦੇ ਪੀੜ੍ਹੀਆਂ ਤੱਕ ਦੇ ਵਹਾਅ ਲਈ ਅਤੇ ਜੀਵਨ-ਜਾਚ ਵਿੱਚੋਂ ਪੁਰਾਤਨ ਸੱਭਿਆਚਾਰ ਦੇ ਪ੍ਰਗਟਾਵੇ ਲਈ ਇਹ ਅਖਾਣ, ਮੁਹਾਵਰੇ ਆਦਿ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਮੁਹਾਵਰਿਆਂ ਜਾਂ "ਅਖਾਣਾਂ ਰਾਹੀਂ ਪੁਰਖਾਂ ਦਾ ਅਨੁਭਵ ਮੂੰਹੋਂ ਮੂੰਹ ਅੱਗੇ ਤੁਰਦਾ ਯੁੱਗਾਂ ਦੇ ਪੈਂਡੇ ਮਾਰ ਲੈਂਦਾ ਹੈ।"[16] ਇਹਨਾਂ ਵਿੱਚ "ਪੁਰਖਾਂ ਦਾ ਅਨੁਭਵ ਅਤੇ ਜਾਤੀ ਦੀ ਸਿਆਣਪ ਕੈਪਸੂਲ ਵਿੱਚ ਪਈ ਚੀਜ਼ ਵਾਂਗ ਅਛੂਤੀ ਰਹਿੰਦੀ ਹੈ।"[17] ਇਹ ਅਖਾਣ ਅਤੇ ਮੁਹਾਵਰੇ ਪੁਰਾਤਨ ਲੋਕ-ਸਾਹਿਤ ਦਾ ਹੀ ਅੰਗ ਹਨ ਅਤੇ ਲੋਕ-ਸਾਹਿਤ ਸਮੇਂ ਦੀਆਂ ਸੀਮਾਵਾਂ ਤੋਂ ਪਾਰ ਤੱਕ ਕਿਸੇ ਸੱਭਿਆਚਾਰਕ ਤੱਤ ਨੂੰ ਸੰਭਾਲ ਕੇ ਰੱਖਦਾ ਹੈ ਅਤੇ ਅਗਲੀਆਂ ਪੀੜ੍ਹੀਆਂ ਦੀ ਜੀਵਨ-ਜਾਚ ਵਿੱਚ ਆਪਣੇ ਉਸੇ ਪੁਰਾਤਨ ਸਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। "ਹਰ ਜ਼ੁਬਾਨ ਦਾ ਲੋਕ-ਸਾਹਿਤ ਅਜਿਹੀ ਅਸੀਮ ਮਿੱਥ ਦਾ ਦਰਜਾ ਰੱਖਦਾ ਹੈ ਜਿਹੜੀ ਹਰ ਕਿਸਮ ਦੇ ਘੇਰੇ ਤੋਂ ਆਜ਼ਾਦ ਹੁੰਦੀ ਹੈ ਅਤੇ ਆਦਿ ਜੁਗਾਦੀ ਸਮੇਂ ਵਿੱਚ ਸਾਹ ਲੈਂਦੀ ਹੈ।[18] ਇਸ ਤੋਂ ਸਪਸ਼ਟ ਹੈ ਕਿ ਲੋਕ-ਸਾਹਿਤ, ਜਿਸ ਵਿੱਚ ਅਖਾਣ, ਮੁਹਾਵਰੇ ਆਦਿ ਵੀ ਸ਼ਾਮਲ ਹਨ, ਆਪਣੀ ਇੱਕ ਅਲੱਗ ਅਤੇ ਆਜ਼ਾਦ ਹਸਤੀ ਰੱਖਦਾ ਹੈ ਅਤੇ ਇਹ ਸਮਿਆਂ ਦੀ ਮਾਰ ਤੋਂ ਵੀ ਪਾਰ, ਪੁਰਾਤਨ ਪੇਂਡੂ ਸੱਭਿਆਚਾਰ ਨੂੰ ਆਪਣੇ ਮੂਲ ਅਤੇ ਨਿਰੋਲ ਰੂਪ ਵਿੱਚ ਆਪਣੀਆਂ ਆਉਣ ਵਾਲੀਆਂ ਪੀੜੀਆਂ ਦੀ ਜ਼ਿੰਦਗੀ ਵਿੱਚ ਨਮੂਦਾਰ ਕਰਦਾ ਹੈ। ਇਸ ਤਰ੍ਹਾਂ ਇਹ ਅਖਾਣ, ਮੁਹਾਵਰੇ ਆਦਿ ਪੁਰਾਤਨ ਪੰਜਾਬੀ ਸੱਭਿਆਚਾਰ ਦਾ ਹੀ ਪ੍ਰਗਟਾਵਾ ਹਨ ਅਤੇ ਬਦਲਦੇ ਆਰਥਕ, ਸਮਾਜਕ, ਰਾਜਨੀਤਕ ਹਾਲਾਤ ਵਿੱਚ ਵੀ ਸੱਭਿਆਚਾਰ ਨੂੰ ਸਜੀਵ ਅਤੇ ਇਸ ਦੇ ਜਲਵੇ ਨੂੰ ਜੀਵੰਤ ਰੱਖਣ ਲਈ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਰੱਖਦੇ ਅਤੇ ਯੋਗਦਾਨ ਪਾਉਂਦੇ ਹਨ।

ਆਧੁਨਿਕ ਸਮਿਆਂ ਵਿੱਚ ਸਾਡੀ ਪ੍ਰੰਪਰਕ ਖੇਤੀ ਆਧਾਰਤ ਜੀਵਨ-ਸ਼ੈਲੀ ਦੇ ਖੁਰਨ ਕਾਰਣ ਅਖਾਣ ਅਤੇ ਮੁਹਾਵਰਿਆਂ ਦੀ ਜੀਵੰਤ ਵਰਤੋਂ ਵਿੱਚ ਬੇਹੱਦ ਕਮੀ ਆਈ ਹੈ। ਇਸ ਬਦਲਾਅ ਦੀ ਸ਼ੁਰੂਆਤ ਹਰੀ ਕ੍ਰਾਂਤੀ ਤੋਂ ਆਰੰਭ ਹੋਈ ਸੀ। ਪੰਜਾਬੀ ਸੱਭਿਆਚਾਰ ਖੇਤੀ ਆਧਾਰਤ ਕਿਸਾਨੀ ਸੱਭਿਆਚਾਰ ਹੈ। ਖੇਤੀਬਾੜੀ ਪੰਜਾਬੀ ਲੋਕ- ਸੱਭਿਆਚਾਰ ਦਾ ਕੇਂਦਰੀ ਧੁਰਾ ਰਿਹਾ ਹੈ। ਬਾਕੀ ਸਾਰੇ ਕਿੱਤੇ ਕਿਸੇ ਨਾ ਕਿਸੇ ਤਰ੍ਹਾਂ ਖੇਤੀਬਾੜੀ ਉਤਪਾਦਨ-ਕਿਰਿਆ ਨਾਲ ਹੀ ਜੁੜੇ ਹੋਏ ਸਨ।ਸਦੀਆਂ ਤੀਕ ਲੋਕ- ਸੱਭਿਆਚਾਰ ਵਿੱਚ ਵਿਚਰਦੇ ਲੋਕ-ਮਨ ਨੇ ਇਨ੍ਹਾਂ ਅਖਾਣਾਂ ਅਤੇ ਮੁਹਾਵਰਿਆਂ ਦੁਆਰਾ ਆਪਣਾ ਜੀਵਨ-ਦਰਸ਼ਨ ਪ੍ਰੰਪਰਕ ਰੂਪ ਵਿੱਚ ਅਗਲੀਆਂ ਪੀੜ੍ਹੀਆਂ ਨੂੰ ਸੌਂਪਣ ਦਾ ਸਫ਼ਲ ਉੱਦਮ ਕੀਤਾ। ਪ੍ਰੰਤੂ 20ਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਬਾਅਦ ਪ੍ਰੰਪਰਾ ਅਤੇ ਲੋਕ-ਮਨ ਦੇ ਅਨੁਰੂਪ ਘੜਿਆ ਪੰਜਾਬੀ ਪਿੰਡ ਬਦਲਣ ਲੱਗਦਾ ਹੈ। ਇਹ ਬਦਲਾਅ ਹਰੀ ਕ੍ਰਾਂਤੀ ਸਮੇਂ ਖੇਤੀ ਦੇ ਮਸ਼ੀਨੀਕਰਨ ਦੁਆਰਾ ਪੈਦਾ ਹੋਇਆ। ਸਾਡੀ ਖੇਤੀ ਆਧਾਰਤ ਜੀਵਨ-ਜਾਚ ਵਿੱਚ ਕੁਦਰਤ ਅਤੇ ਪੰਜਾਬੀ ਬੰਦੇ ਦੀ ਇੱਕਮਿੱਕਤਾ ਨੂੰ ਮਸ਼ੀਨੀਕਰਨ ਨੇ ਤੇਜ਼ ਰਫ਼ਤਾਰ ਨਾਲ ਤੋੜ ਦਿੱਤਾ ਜਿਸ ਨਾਲ ਜੀਵਨ ਦੀ ਗਤੀ ਵਧੇਰੇ ਤੇਜ਼ ਹੋ ਗਈ ਅਤੇ ਪ੍ਰੰਪਰਕ ਗਿਆਨ ਦੇ ਅਣਮੁੱਲੇ ਸੰਦਰਭ ਖੰਡਤ ਹੋਣੇ ਸ਼ੁਰੂ ਹੋ ਗਏ। ਲੋਕ- ਸੱਭਿਆਚਾਰ ਦੇ ਸਹਿਜ ਗਿਆਨ ਦੀ ਥਾਂ ਵਿਗਿਆਨਕ ਧਾਰਨਾਵਾਂ ਅਤੇ ਸਪਾਟ ਤਰਕ ਨੇ ਲੋਕ-ਮਨ ਦੀਆਂ ਧਾਰਨਾਵਾਂ ਨੂੰ ਵਿਸਥਾਪਤ ਕਰ ਦਿੱਤਾ। ਲੋਕ-ਸੱਭਿਆਚਾਰ ਵਿੱਚ ਹੋਏ ਬਦਲਾਵਾਂ ਨੂੰ ਦਰਸਾਉਣ ਲਈ ਨਵੇਂ ਅਖਾਣ ਅਤੇ ਮੁਹਾਵਰੇ ਘੜਨ ਜੋਗੀ ਵਿਹਲ, ਸਿਆਣਪ ਅਤੇ ਸਮੇਂ ਦੀ ਅਣਹੋਂਦ ਇਸ ਇੱਕਸਾਰ ਵਗਦੀ ਸਿਰਜਣ-ਧਾਰਾ ਨੂੰ ਭੰਗ ਕਰਨ ਵਾਲਾ ਤੱਤ ਹੋ ਨਿੱਬੜੀ।

ਜਿੱਥੇ ਇਹ ਅਖਾਣ ਅਤੇ ਮੁਹਾਵਰੇ ਜਿਊਂਦੇ-ਜਾਗਦੇ ਤੱਥਾਂ ਵਾਂਗ ਵਿਚਰਦੇ ਸਨ ਉੱਥੇ ਹੀ ਹਰੀ ਕ੍ਰਾਂਤੀ ਤੋਂ ਬਾਅਦ ਇਹ ਨਿਰਜੀਵ ਅਤੇ ਸੰਦਰਭਹੀਣ ਫਿਕਰਿਆਂ ਤੱਕ ਸਿਮਟ ਕੇ ਪਥਰਾਟ ਵਰਗੀ ਹੋਣੀ ਭੋਗਣ ਲੱਗੇ। ਪੰਜਾਬੀਆਂ ਦਾ ਇਹਨਾਂ ਪ੍ਰਤੀ ਵਤੀਰਾ ਅਜਾਇਬ ਘਰ ਦੀ ਵਸਤੂ ਵਰਗਾ ਹੋ ਗਿਆ ਹੈ।

ਲੋਕਧਾਰਕ ਸਿਰਜਣਾਵਾਂ ਕਈ ਵਾਰ ਇਸ ਤਰ੍ਹਾਂ ਦੀ ਹੋਣੀ ਭੋਗਣ ਲਈ ਮਜਬੂਰ ਹੋ ਜਾਂਦੀਆਂ ਹਨ। ਪ੍ਰੰਤੂ ਜੇਕਰ ਅਸੀਂ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪਾਸਾਰਾਂ ਦਾ ਅਧਿਐਨ ਕਰਨਾ ਅਤੇ ਸਮਝਣਾ ਹੈ ਤਾਂ ਇਹ ਸਮੱਗਰੀ ਸਾਨੂੰ ਵੱਡਮੁੱਲੀ ਜਾਣਕਾਰੀ ਪ੍ਰਦਾਨ ਕਰ ਸਕਦੀ ਹੈ। ਇਹਨਾਂ ਅਖਾਣਾਂ ਅਤੇ ਮੁਹਾਵਰਿਆਂ ਵਿੱਚ ਪ੍ਰਾਪਤ ਹੁੰਦਾ ਜੀਵਨ-ਦਰਸ਼ਨ ਪੰਜਾਬੀਆਂ ਦੀ ਵਿਸ਼ੇਸ਼ ਸੱਭਿਆਚਾਰਕ ਪਹਿਚਾਣ ਹੈ। ਇਸ ਲਈ ਇਹਨਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਸਾਨੂੰ ਸਾਡੀ ਸੱਚੀ-ਸੁੱਚੀ ਪੰਜਾਬੀ ਪਹਿਚਾਣ ਨਾਲ ਰੂਬਰੂ ਕਰਵਾਉਂਦਾ ਰਹੇਗਾ।

## ਹਵਾਲੇ, ਟਿੱਪਣੀਆਂ ਅਤੇ ਪੁਸਤਕ ਸੂਚੀ


1 ਗੁਰਬਖ਼ਸ਼ ਸਿੰਘ ਫ਼ਰੈਂਕ (ਪ੍ਰੋ.), ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, ਪੰਨਾ 23

2 Sir Edward B. Tylor (1832–1917) was a founding figure of cultural anthropology. Tylor defined culture as “the complex whole which includes knowledge, belief, art, law, morals, custom and any other capabilities acquired by man as a member of society” (1871, p. 1).

3 Malinowski’s definition of the term culture was given in 1931 in the Encyclopaedia of the Social Sciences (1931:621-46). He wrote, “... culture comprises inherited artefacts, goods, technical processes, ideas, habits and values”. For Mailnowsik, social organisation is clearly a part of culture.

4 ਸ਼ੈਰੀ ਸਿੰਘ (ਸੰ:), ਪੰਜਾਬੀ ਸੱਭਿਆਚਾਰ: ਵਿਭਿੰਨ ਪਰਿਪੇਖ

5 ਗੁਰਬਖ਼ਸ਼ ਸਿੰਘ ਫ਼ਰੈਂਕ (ਪ੍ਰੋ.), ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਵਾਰਿਸ਼ ਸ਼ਾਹ ਫ਼ਾਊਂਡੇਸ਼ਨ, ਪੰਨਾ 82

6 ਜੀਤ ਸਿੰਘ ਜੋਸ਼ੀ (ਡਾ.), ਲੋਕ ਕਲਾ ਅਤੇ ਸੱਭਿਆਚਾਰ: ਮੁੱਢਲੀ ਜਾਣ ਪਛਾਣ, ਪਬਲੀਕੇਸ਼ਨ ਬਿਊਰੋ, ਪਟਿਆਲਾ, ਪੰਨਾ 34

7 ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ, ਭਾਸ਼ਾ ਅਤੇ ਸੱਭਿਆਚਾਰ, ਪੈਪਸੂ ਬੁੱਕ ਡਿਪੂ, ਬੁੱਕਸ ਮਾਰਕੀਟ, ਪਟਿਆਲਾ, ਪੰਨਾ 129

8 ਵਣਜਾਰਾ ਬੇਦੀ, ਲੋਕ ਆਖਦੇ ਹਨ, ਪੰਜਾਬੀ ਸਾਹਿਤ ਐਕਡਮੀ, 444 ਐੱਲ, ਮਾਡਲ ਟਾਊਨ, ਲੁਧਿਆਣਾ, ਪੰਨਾ 10

9 ਜੀਤ ਸਿੰਘ ਜੋਸ਼ੀ (ਡਾ.), ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਪੰਨਾ 284, 85

10 ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ (ਸਰੋਤ ਤੇ ਵਿਆਖਿਆ ਸਹਿਤ), ਪਬੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

11 ਗਿਆਨੀ ਗੁਰਦਿੱਤ ਸਿੰਘ, ਮੇਰਾ ਪਿੰਡ, ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 122

12 ਉਹੀ, ਪੰਨਾ 140

13 ਉਹੀ, ਪੰਨਾ 162

14 ਸੁਲੱਖਣ ਸਰਹੱਦੀ, ਵਿਸਰ ਰਿਹਾ ਪੰਜਾਬੀ ਵਿਰਸਾ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਪੰਨਾ X

15 ਜਗੀਰ ਸਿੰਘ ਨੂਰ (ਡਾ.), ਪੰਜਾਬੀ ਸੱਭਿਆਚਾਰ: ਮੂਲ ਪਛਾਣ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਪੰਨਾ 134

16 ਸੋਹਿੰਦਰ ਸਿੰਘ ਬੇਦੀ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਪੰਨਾ 14

17 ਉਹੀ, ਪੰਨਾ 141

18 ਹਰਿੰਦਰ ਸਿੰਘ ਮਹਿਬੂਬ (ਪ੍ਰੋ.), ਮੁੱਖ ਬੰਦ ਝਨ੍ਹਾਂ ਦੀ ਰਾਤ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਪੰਨਾ 19